**BCM SCHOOL, BASANT AVENUE ,DUGRI ROAD, LUDHIANA**

**ASSIGNMENT OF PUNJABI**

**CLASS-X**

**TIME: 50 mins SUBJECT-PUNJABI(004) M.M-25**

| | | |
|---|---|---|
| | **ਭਾਗ ਪਹਿਲਾ (ਪੜ੍ਹਨ ਕੌਸ਼ਲ)** | |
| I | **ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:**<br>**ਇੱਕ ਵਿਦਿਆਰਥੀ, ਇਮਤਿਹਾਨ ਦੇਣ ਜਾਂਦਾ ਹੈ। ਹਿਸਾਬ ਦਾ ਪਰਚਾ ਹੈ, ਪਹਿਲਾ ਹੀ ਸਵਾਲ ਗਲਤ ਨਿਕਲ ਆਉਂਦਾ ਹੈ, ਹੁਣ ਜਿਉਂ-ਜਿਉਂ ਉਹ ਇਸ ਸਵਾਲ ਨੂੰ ਕੱਢਣ ਦੇ ਯਤਨ ਕਰਦਾ ਹੈ, ਤਿਉਂ ਤਿਉਂ ਉਲਝਣਾ ਪੈਂਦੀਆਂ ਜਾਂਦੀਆਂ ਹਨ। ਇਸ ਸਵਾਲ ਨੂੰ ਠੀਕ ਹੱਲ ਕਰਨਾ, ਸੁਚੇਤ ਮਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅੱਕ ਕੇ ਉਹ ਇਸ ਸਵਾਲ ਨੂੰ ਛੱਡ ਕੇ ਬਾਕੀ ਦਾ ਪਰਚਾ ਕਰਦਾ ਹੈ, ਅਖੀਰ ਤੇ ਫਿਰ ਪਹਿਲੇ ਸਵਾਲ ਨੂੰ ਹੀ ਹੱਲ ਕਰਨ ਦਾ ਯਤਨ ਕਰਦਾ ਹੈ ਅਤੇ ਹੈਰਾਨੀ ਦੀ ਗੱਲ ਹੁੰਦੀ ਹੈ ਕਿ ਉਹ ਸਵਾਲ ਠੀਕ ਨਿਕਲ ਆਉਂਦਾ ਹੈ।ਅਵਸਥਾ ਨੇ, ਕਿਉਂਕਿ ਸੁਚੇਤ ਮਨ ਤਾਂ ਬਾਕੀ ਪਰਚਾ ਕਰਨ ਵਿੱਚ ਰੁੱਝਾ ਹੋਇਆ ਸੀ, ਇਤਨੇ ਸਮੇਂ ਵਿੱਚ ਅਚੇਤ ਮਨ ਨੂ ਮੌਕਾ ਮਿਲ ਗਿਆ ਕਿ ਸਚੇਤ ਮਨ ਹਰ ਦੀ ਗੱਲ ਹੋ ਜਾਂਦੀ ਹੈ। ਅੱਕ ਕੇ ਉਹ ਇਸ ਸਵਾਲ ਨੂੰ ਛੱਡ ਕੇ, ਬਾਕੀ ਦਾ ਪਰਚਾ ਕਰਦਾ ਹੈ, ਅਖੀਰ 'ਤੇ ਫਿਰ ਪਹਿਲੇ ਸਵਾਲ ਨੂੰ ਹੀ ਹੱਲ ਕਰਨ ਦਾ ਯਤਨ ਕਰਦਾ ਹੈ ਤੇ ਹੈਰਾਨੀ ਦੀ ਗੱਲ ਹੁੰਦੀ ਹੈ ਕਿ ਉਹ ਸਵਾਲ ਠੀਕਨਿਕਲ ਆਉਂਦਾ ਹੈ। ਵਿਦਿਆਰਥੀ ਨੂੰ ਉਸ ਉਲਝਣ ਵਿੱਚੋਂ ਕਿਸ ਨੇ ਕੱਢਿਆ? ਮਨ ਦੀ ਅਚੇਤ ਅਵਸਥਾ ਨੇ, ਕਿਉਂ ਕੀ ਸੁਚੇਤ ਮਨ ਤਾਂ ਬਾਕੀ ਪਰਚਾ ਕਰਨ ਵਿੱਚ ਰੁੱਝਾ ਹੋਇਆ ਸੀ, ਇਤਨੇ ਸਮੇਂ ਵਿੱਚ ਅਚੇਤ ਮਨ ਨੂੰ ਮੌਕਾ ਮਿਲ ਗਿਆ ਕਿ ਸੁਚੇਤ ਮਨ ਨੂੰ ਰਾਹ ਦੱਸ ਸਕੇ। ਰਾਤ ਨੂੰ ਸੌਣ ਵੇਲੇ ਇੱਕ ਵਿਦਿਆਰਥੀ ਆਪਣੇ ਆਪ ਨੂੰ ਇਹ ਆਖਦਾ ਹੈ ਕਿ ਸਵੇਰੇ 4 ਵਜੇ ਜਗਾ ਦੇਣਾ। ਇਹ ਗੱਲ ਆਖਣ ਵਾਲਾ ਸੁਚੇਤ ਮਨ ਹੈ ਜੋ ਥੱਕੇ ਹੋਏ ਸਰੀਰ ਦੇ ਨਾਲ ਹੀ ਨੀਂਦ ਵਿੱਚ ਚਲਾ ਜਾਂਦਾ ਹੈ, ਪਰ ਪੂਰੇ 4 ਵਜੇ ਉਸ ਨੂੰ ਜਾਗ ਆ ਜਾਂਦੀ ਹੈ, ਕਿਸ ਨੇ ਜਗਾਇਆ? ਅਚੇਤ ਮਨ ਨੇ, ਜੋ ਸੁਚੇਤ ਮਨ ਦੇ ਆਰਾਮ ਕਰਨ ਤੇ ਪਹਿਰੇ ਤੇ ਆਹ ਖਲੋਂਦਾ ਹੈ। ਜੀਵਨ ਦੇ ਅਜਿਹੇ ਹੋਰ ਰੋਜ਼ਾਨਾ ਤਜਰਬੇ ਸਾਨੂੰ ਇਹ ਯਕੀਨ ਦੁਆਉਂਦੇ ਹਨ ਕਿ ਸਾਡੇ ਰੋਜ਼ਾਨਾ ਜੀਵਨ ਵਿੱਚ ਨਿਰਾ ਸੁਚੇਤ ਮਨ ਹੀ ਨਹੀਂ ਦੌੜਦਾ-ਭੱਜਦਾ, ਮਨ ਦੀ ਅਚੇਤ ਅਵਸਥਾ ਨਾਲ ਵੀ ਸਾਨੂੰ ਰੋਜ਼ ਹੀ ਵਾਹ ਪੈਂਦਾ ਹੈ**<br>1. **ਵਿਦਿਆਰਥੀ ਦੇ ਪਹਿਲੇ ਸਵਾਲ ਨੂੰ ਆਖਿਰਕਾਰ ਠੀਕ 'ਰਨ ਦਾ ਮੁੱਖ ਕਾਰਨ ਕੀ ਸੀ?**<br>**A)ਵਧੇਰੇ ਸਮਾਂ ਮਿਲਣਾ. B) ਅਧਿਆਪਕ ਦੀ ਮਦਦ.**<br>**C)ਅਚੇਤ ਮਨ ਦੀ ਕਿਰਿਆਸ਼ੀਲਤਾ. D) ਸਵਾਲ ਦੀ ਆਸਾਨੀ**<br>2. **ਅਚੇਤ ਮਨ" ਦੇ ਕੰਮ ਕਰਨ ਦਾ ਸਹੀ ਉਦਾਹਰਨ ਕਿਹੜਾ ਹੈ?**<br>**A) ਕਿਤਾਬ ਪੜ੍ਹਨਾ. B) ਸਵਾਲ ਛੱਡ ਕੇ ਬਾਕੀ ਪੇਪਰ ਕਰਨਾ**<br>**C)ਸਵੇਰੇ ਚਾਰ ਵਜੇ ਆਪਣੇ ਆਪ ਜਾਗ ਜਾਣਾ. D) ਅਧਿਆਪਕ ਨਾਲ ਗੱਲ ਕਰਨਾ**<br>3. **ਲੇਖਕ ਅਨੁਸਾਰ, ਜਿੰਨਾ ਜ਼ਿਆਦਾ ਅਸੀਂ ਕਿਸੇ "ਮੱਸਿ' ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਾਂ:**<br>**A) ਉਹ ਤੁਰੰਤ ਹੱਲ ਹੋ ਜਾਂਦੀ ਹੈ B) ਉਹ ਹੋਰ ਆਸਾਨ ਹੋ ਜਾਂਦੀ ਹੈ**<br>**C)ਉਹ ਹੋਰ ਉਲਝਣ ਵਾਲੀ ਬਣ ਜਾਂਦੀ ਹੈ. D) ਉਹ ਗਾਇਬ ਹੋ ਜਾਂਦੀ ਹੈ** | **4m** |

| | | |
|---|---|---|
| | 4. ਇਸ ਪੈਰ੍ਹੇ ਦਾ ਉਚਿਤ ਸਿਰਲੇਖ ਚੁਣੋ:-<br>A) ਇਮਤਿਹਾਨ ਦੀ ਤਿਆਰੀ B) ਮਨ ਦੀ ਤਾਕਤ<br>C) ਅਚੇਤ ਮਨ ਦਾ ਕਰਿਸ਼ਮਾ D) ਸਫਲਤਾ ਦਾ ਰਾਜ਼ | |
| | **ਭਾਗ ਦੂਜਾ (ਵਿਆਕਰਨ)** | |
| | **ਹੇਠ ਲਿਖੇ ਵਿਆਕਰਨ ਸੰਬੰਧੀ ਪ੍ਰਸ਼ਨਾਂ ਦੇ ਉੱਤਰ ਲਿਖੋ:-** | |
| II. | **ਸਮਾਸੀ ਸ਼ਬਦ:- ਕੋਈ ਦੋ ਪ੍ਰਸ਼ਨ ਹੱਲ ਕਰੋ :-**<br>1. "ਪੱਤਿਆਂ ਦਾ ਝੜਨਾ" ਤੋਂ ਕਿਹੜਾ ਸਮਾਸੀ ਬਣੇਗਾ?<br>A) ਪੱਤ-ਝੜ । B) ਪੱਤੇ- ਝੜਨਾ । C) ਪੱਤਿਆ-ਝੜਨਾ D) ਪੱਤੇ-ਝੜੇ<br>2."ਹਾਰ-ਸ਼ਿੰਗਾਰ" ਸਮਾਸੀ ਸ਼ਬਦ ਕਿਸ ਤੋਂ ਬਣਿਆ ਹੈ?<br>A) ਹਾਰ ਨਾਲ ਸ਼ਿੰਗਾਰ B) ਹਾਰ ਅਤੇ ਸ਼ਿੰਗਾਰ C) ਹਾਰ ਦਾ ਸ਼ਿੰਗਾਰ D) ਹਾਰ ਨੂੰ ਸ਼ਿੰਗਾਰਨਾ<br>3. "ਨਫ਼ਾ-ਨੁਕਸਾਨ " ਕਿਸ ਪ੍ਰਕਾਰ ਦਾ ਸਮਾਸੀ ਸ਼ਬਦ ਹੈ?<br>A) ਸਮਾਨ ਭਾਵੀ B) ਵਿਰੋਧ ਭਾਵੀ C) ਸਾਰਥਕ ਤੇ ਨਿਰਾਰਥਕ ਤੇ ਅਧਾਰਿਤ D) ਉਰਦੂ ਫਾਰਸੀ ਵਾਲਾ | |
| III. | **ਬਹੁਆਰਥਕ ਸ਼ਬਦ:- ਕੋਈ ਦੋ ਪ੍ਰਸ਼ਨ ਹੱਲ ਕਰੋ**<br>1. "ਹਾਲ" ਸ਼ਬਦ ਦੇ ਬਹੁਆਰਥਕ ਸ਼ਬਦ ਚੁਣੋ<br>A) ਹਾਲਤ, ਵਾਂਗ B) ਸੂਤਰ, ਹਾਲਤ C) ਵੱਡਾ ਕਮਰਾ, ਹਾਲਤ D) ਇਸ ਵੇਲੇ, ਮਿਠਾਸ<br>2. " ਮਾਂ ਤੋਰੀਆਂ ਦੀ ਵੇਲ ਵੱਲ ਵੇਖ ਕੇ ਰੋਟੀ ਵੇਲ ਰਹੀ ਸੀ ਅਤੇ ਮਨ ਵਿੱਚ ਸੋਚ ਰਹੀ ਸੀ ਕਿ ਰੱਬ ਸਾਡੀ ਵੇਲ ਵਧਾਏ ਤਾਂ ਅਸੀਂ ਵੀ ਰੱਜ ਰੱਜ ਵੇਲ ਕਰਾਈਏ।" ( ਇਸ ਵਾਕ ਵਿੱਚ ਵੇਲ ਵਧਾਏ ਤੋਂ ਕੀ ਭਾਵ ਹੈ?<br>A) ਕਿਸੇ ਵੇਲ ਦਾ ਫੈਲਣਾ B) ਵਾਰਾ ਫੇਰਾ ਕਰਨਾ C) ਪਰਿਵਾਰ ਦੀ ਤਰੱਕੀ D) ਵੇਲਣ<br>3. "ਅਰਕ" ਦਾ ਇੱਕ ਅਰਥ ਹੈ ਕੂਹਣੀ ਅਤੇ ਦੂਸਰਾ ਅਰਥ ਵੀ ਦੱਸੋ-<br>A) ਪੁਰਾਣਾ B) ਪੈਸਾ C) ਰਸ D) ਕਮਾਈ | |
| IV. | **ਮੁਹਾਵਰੇ:-ਕੋਈ ਦੋ ਪ੍ਰਸ਼ਨ ਹੱਲ ਕਰੋ।**<br>ਹੇਠ ਲਿਖੇ ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਏ<br>ਕੰਡੇ ਬੀਜਣੇ, ਖਬਰਦਾਰ ਕਰਨਾ, ਗਿੱਦੜ ਕੁੱਟ ਕਰਨੀ | |
| | **ਭਾਗ ਤੀਜਾ(ਲਿਖਣ ਕੌਸ਼ਲ)** | |
| V . | **ਤਸਵੀਰ ਵਰਨਣ:-** | |

| | | |
|---|---|---|
| |  | |
| | ਭਾਗ ਚੌਥਾ (ਪਾਠ ਪੁਸਤਕ ਨਾਲ ਸੰਬੰਧਿਤ) | |
| VI.. | ਅਤਿ ਛੋਟੇ ਪ੍ਰਸ਼ਨ ਉੱਤਰ (ਕਹਾਣੀ ਅਤੇ ਵਾਰਤਕ) (ਕੋਈ ਪੰਜ ਪ੍ਰਸ਼ਨ ਕਰੋ)<br>1. "ਭਾਗਾਂ ਰਤੀ ਚਾਰਿ " ਤੁੱਕ ਵਿੱਚ ਰਤੀ ਸ਼ਬਦ ਦਾ ਅਰਥ ਦੱਸੋ?<br>A) ਜ਼ਰਾ ਕੁ B) ਸੋਨਾ C) ਸਮਝ D) ਰਤਨ<br>2. ਕਾਕਾ ਸ਼ਾਹਾਂ ਦੇ ਮੁੰਡੇ ਪਿੱਛੇ ਕਿਸ ਵਾਂਗ ਖਲੋਤਾ ਵੇਖ ਰਿਹਾ ਸੀ?<br>A) ਫੌਜੀਆਂ ਵਾਂਗ B) ਸਿਪਾਹੀਆਂ ਵਾਂਗ C) ਚੋਰਾਂ ਵਾਂਗ D) ਬਾਜਾਂ ਵਾਂਗ<br>3. ਸਿੱਖ ਗੁਰੂ ਸਾਹਿਬਾਨਾਂ ਨੇ ਕਿਸ ਤੇ ਵਧੇਰੇ ਜ਼ੋਰ ਦਿੱਤਾ?<br>A) ਪੂਜਾ ਪਾਠ ਤੇ B) ਬਨਵਾਸ ਤੇ C) ਸਾਧ ਸੰਤ ਬਣਨ ਤੇ D) ਘਰੋਗੀ ਜੀਵਨ ਤੇ | |
| | | |
| VII | ਛੋਟੇ ਪ੍ਰਸ਼ਨ ਉੱਤਰ<br>1. ਅਜੋਕੇ ਸਮੇਂ ਵਿੱਚ ਧਰਮ ਕਿੱਥੇ ਕਿੱਥੇ ਆ ਗਿਆ ਹੈ?<br>2. ਦੋਸਤ ਤੋਂ ਉਧਾਰੇ ਲਏ ਤਿੰਨ ਰੁਪਏ ਲੇਖਕ ਨੇ ਕਿਸ ਤਰੀਕੇ ਨਾਲ ਵਰਤੇ? | |
| | | |
| VIII. | ਵੱਡੇ ਪ੍ਰਸ਼ਨ ਉੱਤਰ (ਕੋਈ ਇੱਕ ਕਰੋ)<br>*ਸੋ ਕਿਉ ਮੰਦਾ ਆਖੀਐ" ਸਬਦ ਵਿੱਚ ਗੁਰੂ ਜੀ ਨੇ ਇਸਤਰੀ ਦੀ ਮਹਾਨਤਾ ਨੂੰ ਕਿਸ ਤਰ੍ਹਾਂ ਪੇਸ਼ ਕੀਤਾ ਹੈ?<br>ਜਾਂ<br>*ਕੋਝੇ,ਸੜੀਅਲ ਅਤੇ ਖਿਝੂ ਸੁਭਾਅ ਵਾਲੇ ਮਨੁੱਖਾਂ ਨੂੰ ਵੇਖ ਕੇ ਲੇਖਕ ਦੇ ਮਨ ਵਿੱਚ ਕੀ ਵਿਚਾਰ ਆਉਂਦਾ ਸੀ? | |